GMADA

# ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ, ਐਸ.ਏ.ਐਸ ਨਗਰ।

(ਤਾਲਮੇਲ ਸ਼ਾਖਾ)

ਸੇਵਾ ਵਿਖੇ

1 ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਵਿੱਤ ਵਿਭਾਗ, ਪੰਜਾਬ ਸਿਵਲ ਸਕੱਤਰੇਤ-1,
ਚੰਡੀਗੜ੍ਹ।

2. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਥਾਨਕ ਸਰਕਾਰ ਵਿਭਾਗ,
ਪੰਜਾਬ ਸਿਵਲ ਸਕੱਤਰੇਤ-2, ਚੰਡੀਗੜ੍ਹ।

3. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,
ਪੰਜਾਬ ਸਿਵਲ ਸਕੱਤਰੇਤ-2, ਚੰਡੀਗੜ੍ਹ।

4. ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ,
ਪੰਜਾਬ ਸਿਵਲ ਸਕੱਤਰੇਤ-1, ਚੰਡੀਗੜ੍ਹ।

5. ਮੁੱਖ ਪ੍ਰਸ਼ਾਸਕ,
ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ, ਐਸ.ਏ.ਐਸ ਨਗਰ।

6. ਮੁੱਖ ਨਗਰ ਯੋਜਨਾਕਾਰ, ਪੰਜਾਬ,
ਗ੍ਰਾਮ ਅਤੇ ਨਗਰ ਯੋਜਨਾਬੰਦੀ ਵਿਭਾਗ,
ਪੁੱਡਾ ਭਵਨ, ਸੈਕਟਰ-62, ਐਸ.ਏ.ਐਸ.ਨਗਰ।

ਨੰ: ਪੁੱਡਾ-ਤਾਲਮੇਲ ਸਾਖਾ-ਸ-1/2020/4981-86 ਮਿਤੀ:- 13/3/2020

ਵਿਸ਼ਾ:- ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ 22ਵੀਂ ਮੀਟਿੰਗ ਦੀ ਕਾਰਵਾਈ ਜਾਰੀ ਕਰਨ ਬਾਰੇ।

ਸ਼੍ਰੀਮਾਨ ਜੀ,

ਵਿਸ਼ੇ ਅਧੀਨ ਇਸ ਦਫਤਰ ਦੇ ਪੱਤਰ ਨੰ. ਪੁੱਡਾ-ਤਾਲਮੇਲ ਸਾਖਾ-ਸ-1/2020/732-737 ਮਿਤੀ 10-01-2020 ਦੀ ਲਗਾਤਾਰਤਾ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ 22ਵੀਂ ਮੀਟਿੰਗ, ਜੋ ਮਿਤੀ 13.01.2020 ਨੂੰ ਸ਼ਾਮ 4.30 ਵਜੇ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਉਨ੍ਹਾਂ ਦੇ ਦਫਤਰ ਦੇ ਕਮੇਟੀ ਰੂਮ, 6ਵੀਂ ਮੰਜਿਲ, ਪੰਜਾਬ ਸਿਵਲ ਸਕੱਤਰੇਤ-1, ਚੰਡੀਗੜ੍ਹ ਵਿਖੇ ਹੋਈ ਸੀ, ਦੀ ਕਾਰਵਾਈ (ਪ੍ਰੋਸੀਡਿੰਗ) ਆਪ ਨੂੰ ਇਸ ਪੱਤਰ ਨਾਲ ਨੱਥੀ ਕਰਕੇ ਸੂਚਨਾ ਹਿੱਤ ਭੇਜੀ ਜਾਂਦੀ ਹੈ ਜੀ।

(ਉਮਾਂ ਕਾਂਤਾ ਜੋਸ਼ੀ)
ਸੁਪਰਡੰਟ (ਤਾਲਮੇਲ)

ਨੱਥੀ : ਮੀਟਿੰਗ ਦੀ ਕਾਰਵਾਈ।

ਪਿੱਠ ਅੰਕਣ ਨੰ: ਪੁੱਡਾ-ਤਾਲਮੇਲ ਸਾਖਾ-ਸ-1/2020/4987 ਮਿਤੀ:- 13/3/2020

ਉਪਰੋਕਤ ਦਾ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਨਿੱਜੀ ਸਕੱਤਰ/ਮੁੱਖ ਸਕੱਤਰ, ਪੰਜਾਬ ਸਰਕਾਰ, ਪੰਜਾਬ ਸਿਵਲ ਸਕੱਤਰੇਤ-1, ਚੰਡੀਗੜ੍ਹ ਨੂੰ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

(ਉਮਾਂ ਕਾਂਤਾ ਜੋਸ਼ੀ)
ਸੁਪਰਡੰਟ (ਤਾਲਮੇਲ)

ਨੱਥੀ : ਮੀਟਿੰਗ ਦੀ ਕਾਰਵਾਈ।

ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ, ਐਸ.ਏ.ਐਸ ਨਗਰ।

ਤਾਲਮੇਲ ਸ਼ਾਖਾ।

ਪਿੱਠ ਅੰਕਣ ਨੰ: ਪੁੱਡਾ-ਤਾਲਮੇਲ ਸਾਖਾ-ਸ-1-2020/5988 ਮਿਤੀ:- 13/3/2020

ਪੱਤਰ ਦਾ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਵਧੀਕ ਮੁੱਖ ਪ੍ਰਸ਼ਾਸਕ, ਗਮਾਡਾ, ਐਸ.ਏ.ਐਸ ਨਗਰ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਨੱਥੀ : ਮੀਟਿੰਗ ਦੀ ਕਾਰਵਾਈ।

(ਉਮਾਂ ਕਾਂਤਾ ਜੋਸ਼ੀ)
ਸੁਪਰਡੰਟ (ਤਾਲਮੇਲ)

ਪਿੱਠ ਅੰਕਣ ਨੰ: ਪੁੱਡਾ-ਤਾਲਮੇਲ ਸਾਖਾ-ਸ-1-2020/5989 ਮਿਤੀ:- 13/3/2020

ਪੱਤਰ ਦਾ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ ਵਧੀਕ ਮੁੱਖ ਪ੍ਰਸ਼ਾਸਕ(ਵਿੱਤ ਤੇ ਲੇਖਾ), ਪੁੱਡਾ ਐਸ.ਏ.ਐਸ ਨਗਰ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਨੱਥੀ : ਮੀਟਿੰਗ ਦੀ ਕਾਰਵਾਈ।

(ਉਮਾਂ ਕਾਂਤਾ ਜੋਸ਼ੀ)
ਸੁਪਰਡੰਟ (ਤਾਲਮੇਲ)

ਪਿੱਠ ਅੰਕਣ ਨੰ: ਪੁੱਡਾ-ਤਾਲਮੇਲ ਸਾਖਾ-ਸ-1/2020/5990-94 ਮਿਤੀ:- 13/3/2020

ਉਪਰੋਕਤ ਦਾ ਉਤਾਰਾ ਸਮੇਤ ਮੀਟਿੰਗ ਦੀ ਕਾਰਵਾਈ (ਪ੍ਰੋਸੀਡਿੰਗ) ਦੀ ਕਾਪੀ ਹੇਠ ਲਿਖਿਆਂ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਦਫਤਰ ਨਾਲ ਸਬੰਧਤ ਮੱਦ ਬਾਰੇ ਕਮੇਟੀ ਵਲੋਂ ਲਏ ਗਏ ਫੈਸਲੇ ਸਬੰਧੀ ਲੋੜੀਂਦੀ ਕਾਰਵਾਈ ਕਰਨ ਉਪਰੰਤ ਕੀਤੀ ਕਾਰਵਾਈ ਸਬੰਧੀ ਰਿਪੋਰਟ ਇਸ ਦਫਤਰ ਨੂੰ ਭਿਜਵਾਉਣ ਦੀ ਖੇਚਲ ਕੀਤੀ ਜਾਵੇ ਤਾਂ ਜੋ ਅਗਲੀ ਮੀਟਿੰਗ ਲਈ ਫੋਲੋ-ਅਪ ਸਬੰਧੀ ਅਜੰਡਾ ਤਿਆਰ ਕੀਤਾ ਜਾ ਸਕੇ ਜੀ:-

1. ਮਿਲਖ ਅਫਸਰ (ਪਲਾਟ/ਹਾਊਸਿੰਗ/ਪਾਲਿਸੀ/ਇਕੋਸਿਟੀ), ਗਮਾਡਾ।
2. ਭੌਂ ਪ੍ਰਾਪਤੀ ਕੁਲੈਕਟਰ, ਗਮਾਡਾ।

ਨੱਥੀ/ਕਾਰਵਾਈ ਦੀ ਕਾਪੀ।

(ਉਮਾਂ ਕਾਂਤਾ ਜੋਸ਼ੀ)
ਸੁਪਰਡੰਟ (ਤਾਲਮੇਲ)

**ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 13.01.2020 ਨੂੰ ਹੋਈ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ 22ਵੀਂ ਮੀਟਿੰਗ ਦੀ ਕਾਰਵਾਈ।**

ਮੀਟਿੰਗ ਵਿੱਚ ਹੇਠ ਅਨੁਸਾਰ ਮੈਂਬਰਾਂ ਨੇ ਭਾਗ ਲਿਆ:-

1. ਸ਼੍ਰੀ ਅਨਿਰੁੱਧ ਤਿਵਾਰੀ, ਪ੍ਰਮੁੱਖ ਸਕੱਤਰ, ਵਿੱਤ ਵਿਭਾਗ;
2. ਸ਼੍ਰੀ ਸਰਵਜੀਤ ਸਿੰਘ, ਪ੍ਰਮੁੱਖ ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ;
3. ਸ਼੍ਰੀ ਮਤੀ ਕਵਿਤਾ ਸਿੰਘ, ਮੁੱਖ ਪ੍ਰਸ਼ਾਸ਼ਕ, ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ;
4. ਸ਼੍ਰੀ ਹਰਿੰਦਰ ਸਿੰਘ ਬਾਜਵਾ, ਮੁੱਖ ਨਗਰ ਯੋਜਨਾਕਾਰ.

ਮੀਟਿੰਗ ਵਿੱਚ ਹੇਠ ਦਰਸਾਏ ਅਨੁਸਾਰ ਲੜੀਵਾਰ ਅਜੰਡਾ ਆਈਟਮ ਕਮੇਟੀ ਵਲੋ ਵਿਚਾਰੇ ਗਏ ਅਤੇ ਹੇਠ ਅਨੁਸਾਰ ਫੈਸਲਾ ਲਿਆ ਗਿਆ :-

**ਅਜੰਡਾ ਆਈਟਮ ਨੰ. 22.01**

**ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਦੀ 21ਵੀਂ ਕਾਰਜਕਾਰੀ ਕਮੇਟੀ ਮੀਟਿੰਗ ਜੋ ਮਿਤੀ 15.05.2019 ਨੂੰ ਹੋਈ ਸੀ, ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਕਮੇਟੀ ਵਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਅਜੰਡਾ ਆਈਟਮ ਨੰ. 22.02**

**ਗਰੇਟਰ ਮੋਹਾਲੀ ਏਰੀਆ ਅਥਾਰਟੀ ਦੀ 21ਵੀਂ ਕਾਰਜਕਾਰੀ ਕਮੇਟੀ ਮੀਟਿੰਗ ਮਿਤੀ 15.05.2019 ਨੂੰ ਹੋਈ ਸੀ, ਵਿੱਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਦਾ ਮੱਦ-ਵਾਰ ਵਿਵਰਣ।**

ਕਮੇਟੀ ਵਲੋਂ ਕੀਤੀ ਕਾਰਵਾਈ ਸਬੰਧੀ ਤਸੱਲੀ ਪ੍ਰਗਟਾਈ ਗਈ।

**ਅਜੰਡਾ ਆਈਟਮ ਨੰ. 22.03**

**ਜੀ.ਐਚ.-02 ਸਾਈਟ ਈਕੋਸਿਟੀ-02 ਐਕਸਟੈਂਸ਼ਨ ਨਿਊ ਚੰਡੀਗੜ੍ਹ ਲਈ ਪ੍ਰਾਪਤ ਹੋਈਆ ਕੋਆਪਰੇਟਿਵ ਹਾਊਸ ਬਿਲਡਿੰਗ ਸੋਸਾਈਟੀਆਂ ਦੀਆਂ ਅਰਜੀਆਂ ਦਾ ਨਿਪਟਾਰਾ ਕਰਨ ਸਬੰਧੀ।**

ਕਮੇਟੀ ਵਲੋ ਮੱਦ ਵਿੱਚ ਦਿੱਤੀ ਤਜਵੀਜ ਨੂੰ ਅਥਾਰਿਟੀ ਦੇ ਸਨਮੁੱਖ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਅਜੰਡਾ ਆਈਟਮ ਨੰ. 22.04

**ਸੈਕਟਰ 76-80 ਵਿਖੇ 13 ਕੋਆਪਰੇਟਿਵ ਹਾਊਸ ਬਿਲਡਿੰਗ ਸੋਸਾਇਟੀਆਂ ਵਿਖੇ ਫਲੈਟ ਟਰਾਂਸਫਰ ਕਰਨ ਸਬੰਧੀ 10 ਸਾਲਾ ਲਈ ਲਗਾਈ ਸ਼ਰਤ ਵਿੱਚ ਢਿੱਲ ਦਿੰਦੇ ਹੋਏ 05 ਸਾਲਾਂ ਕਰਨ ਸਬੰਧੀ।**

ਕਮੇਟੀ ਵਲੋ ਮੱਦ ਵਿੱਚ ਦਿੱਤੀ ਤਜਵੀਜ ਨੂੰ ਅਥਾਰਿਟੀ ਦੇ ਸਨਮੁੱਖ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਅਜੰਡਾ ਆਈਟਮ ਨੰ. 22.05

**ਲੈਂਡ ਪੂਲਿੰਗ ਸਕੀਮ ਅਧੀਨ ਫੈਮਲੀ ਵਿੱਚ ਪ੍ਰਾਪਰਟੀ ਟਰਾਂਸਫਰ ਹੋਣ ਉਪਰੰਤ ਅਸਲ ਭੋਂ ਮਾਲਕ ਨੂੰ ਮਿਲਣ ਵਾਲੀਆਂ ਸਹੂਲਤਾਂ ਬਰਕਰਾਰ ਰੱਖਣ ਸਬੰਧੀ।**

ਕਮੇਟੀ ਵਲੋ ਮੱਦ ਵਿੱਚ ਦਿੱਤੀ ਤਜਵੀਜ ਨੂੰ ਅਥਾਰਿਟੀ ਦੇ ਸਨਮੁੱਖ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਅਜੰਡਾ ਆਈਟਮ ਨੰ. 22.06

**ਸੈਕਟਰ 76-80 ਐਸ.ਏ.ਐਸ. ਨਗਰ ਵਿਚ ਪ੍ਰਾਪਤ ਕੀਤੀ ਸਪੈਸ਼ਲ ਪੈਕਜ ਤਹਿਤ ਲੈਂਡ ਪੂਲਿੰਗ ਤਹਿਤ ਭੋਂ ਮਾਲਕਾਂ ਨੂੰ ਸਹੂਲਤ ਸਰਟੀਫਿਕੇਟ ਦੀ ਮਿਆਦ ਵਧਾਉਣ ਅਤੇ ਨਵੀਆਂ ਸਕੀਮਾਂ ਵਿਚ ਲਾਗੂ ਕਰਨ ਸਬੰਧੀ।**

ਕਮੇਟੀ ਵਲੋ ਵਿਚਾਰ ਵਟਾਂਦਰਾ ਕਰਨ ਉਪਰੰਤ ਸਿਫਾਰਸ਼ ਕੀਤੀ ਜਾਂਦੀ ਹੈ ਕਿ ਇਸ ਕੇਸ ਸਬੰਧੀ ਮਾਲ ਤੇ ਪੁਨਰਵਾਸ ਵਿਭਾਗ ਅਤੇ ਵਿੱਤ ਵਿਭਾਗ, ਪੰਜਾਬ ਸਰਕਾਰ ਤੋਂ ਰਾਏ ਲੈਣ ਉਪਰੰਤ ਮਾਮਲਾ ਅਥਾਰਿਟੀ ਦੇ ਸਨਮੁੱਖ ਪੇਸ਼ ਕੀਤਾ ਜਾਵੇ।

ਅਜੰਡਾ ਆਈਟਮ ਨੰ. 22.07

**ਐਰੋਸਿਟੀ, ਐਸ.ਏ.ਐਸ. ਨਗਰ ਵਿਖੇ ਕਮਰਸ਼ੀਅਲ ਸਾਈਟਾਂ ਦੀ ਪਲੈਨਿੰਗ ਕਰਨ ਬਾਰੇ।**

ਕਮੇਟੀ ਵਲੋ ਵਿਚਾਰ ਵਟਾਂਦਰਾ ਕਰਨ ਉਪਰੰਤ ਸਿਫਾਰਸ਼ ਕੀਤੀ ਜਾਂਦੀ ਹੈ ਕਿ ਇਸ ਕੇਸ ਸਬੰਧੀ ਐਡਵੋਕੇਟ ਜਨਰਲ, ਪੰਜਾਬ ਤੋਂ ਕਾਨੂੰਨੀ ਰਾਏ ਲੈਣ ਉਪਰੰਤ ਮਾਮਲਾ ਅਥਾਰਿਟੀ ਦੇ ਸਨਮੁੱਖ ਪੇਸ਼ ਕੀਤਾ ਜਾਵੇ।